# ਇਕ ਜਾਣ ਪਛਾਣ:

# ਬਾਈਬਲ ਵਿਚ ਬਪਤਿਸਮਾ

*ਅਤੇ ਯਿਸੂ ਨੇ ਕੋਲ ਆਣ ਕੇ ਉਨ੍ਹਾਂ ਨਾਲ ਗੱਲਾਂ ਕੀਤੀਆਂ ਅਤੇ ਆਖਿਆ, ਅਕਾਸ਼ ਅਤੇ ਧਰਤੀ ਦਾ ਸਾਰਾ ਅਖ਼ਤਿਆਰ ਮੈਨੂੰ ਦਿੱਤਾ ਗਿਆ ਹੈ। ਇਸ ਲਈ ਤੁਸੀਂ ਜਾ ਕੇ ਸਾਰੀਆਂ ਕੌਮਾਂ ਨੂੰ ਚੇਲੇ ਬਣਾਓ ਅਤੇ ਉਨ੍ਹਾਂ ਨੂੰ ਪਿਤਾ ਅਤੇ ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿਚ ਬਪਤਿਸਮਾ ਦਿਓ। ਅਰ ਉਨ੍ਹਾਂ ਨੂੰ ਸਿਖਾਓ ਭਈ ਉਨ੍ਹਾਂ ਸਾਰੀਆਂ ਗੱਲਾਂ ਦੀ ਪਾਲਣਾ ਕਰਨ ਜਿਨ੍ਹਾਂ ਦਾ ਮੈਂ ਤੁਹਾਨੂੰ ਹੁਕਮ ਦਿੱਤਾ ਹੈ ਅਤੇ ਵੇਖੋ ਮੈਂ ਯੁੱਗ ਦੇ ਅੰਤ ਤੀਕਰ ਹਰ ਵੇਲੇ ਤੁਹਾਡੇ ਨਾਲ ਹਾਂ (ਮੱਤੀ 28:18–20)।*

ਬਾਈਬਲ ਵਿਚ ਬਪਤਿਸਮੇ ਦਾ ਵਿਸ਼ਵਾਸ ਨਾਲ ਐਨਾ ਗੂੜ੍ਹਾ ਰਿਸ਼ਤਾ ਦੱਸਿਆ ਗਿਆ ਹੈ ਕਿ ਵਿਸ਼ਵਾਸ ਦੇ ਨਾਲ ਮਿਲਣ ਵਾਲੇ ਸਾਰੇ ਲਾਭ ਬਪਤਿਸਮੇ ਨਾਲ ਹੀ ਜੁੜੇ ਹੋਏ ਲਗਦੇ ਹਨ। ਇਸ ਕਰਕੇ, ਨਾ ਤਾਂ ਬਪਤਿਸਮੇ ਨੂੰ ਵਿਸ਼ਵਾਸ ਨਾਲੋਂ ਅਤੇ ਨਾ ਹੀ ਵਿਸ਼ਵਾਸ ਨੂੰ ਬਪਤਿਸਮੇ ਨਾਲੋਂ ਵੱਖ ਕੀਤਾ ਜਾ ਸਕਦਾ ਹੈ। ਮਸੀਹੀ ਬਣਨ ਦੀ ਪ੍ਰਕਿਰਿਆ ਬਚਾਏ ਜਾਣ ਲਈ ਇਕ ਦੇ ਬਿਨਾਂ ਦੂਸਰੇ ਦੀ ਚਰਚਾ ਨਹੀਂ ਕੀਤੀ ਜਾ ਸਕਦੀ ਅਤੇ ਨਾ ਹੀ ਇਕ ਦੇ ਬਿਨਾਂ ਦੂਸਰੇ ਤੋਂ ਮਿਲਣ ਵਾਲੀਆਂ ਬਰਕਤਾਂ ਨੂੰ ਬਚਾਏ ਜਾਣ ਨਾਲ ਜੋੜਿਆ ਜਾ ਸਕਦਾ ਹੈ।

ਦਿ ਨਿਊ ਜਰੂਸ਼ਲਮ ਬਾਈਬਲ ਵਿਚ ਬਪਤਿਸਮੇ ਤੇ ਟਿੱਪਣੀ ਇਵੇਂ ਹੈ:

> ਬਪਤਿਸਮਾ ਵਿਸ਼ਵਾਸ ਨਾਲੋਂ ਫ਼ਰਕ ਨਹੀਂ ਬਲਕਿ ਇਸਦੇ ਨਾਲ ਹੀ ਚੱਲਦਾ ਹੈ ... ਪੌਲੁਸ ਵਿਸ਼ਵਾਸ ਅਤੇ ਬਪਤਿਸਮੇ ਦੇ ਅਸਰ ਨੂੰ ਇੱਕੋ ਜਿਹਾ ਦੱਸਦਾ ਹੈ। ... ਪਾਪੀ ਨੂੰ ਪਾਣੀ ਵਿਚ ਡੁਬਕੀ ਦਿਤੀ ਜਾਂਦੀ ਹੈ ... ਅਤੇ ਇਸ ਤਰ੍ਹਾਂ ਉਸ ਨੂੰ ਮਸੀਹ ਦੇ ਨਾਲ ''ਦਫ਼ਨਾਇਆ'' ਜਾਂਦਾ ਹੈ, ... [ਵੇਖੋ ਗਲਾਤੀਆਂ 3:26; ਕੁਲੁੱਸੀਆਂ 2:12.][1]

ਬਪਤਿਸਮੇ ਅਤੇ ਵਿਸ਼ਵਾਸ ਵਿਚ ਸਬੰਧ ਕਰਕੇ ਬਾਈਬਲ ਦੇ ਨਜ਼ਰੀਏ ਵਿਚ ਧਿਆਨ ਨਾਲ ਕੀਤੇ ਗਏ ਬਪਤਿਸਮੇ ਦੇ ਅਧਿਐਨ ਨਾਲ ਇਸ ਦੀ ਅਹਿਮੀਅਤ ਦੀ ਤਸਦੀਕ ਹੁੰਦੀ ਹੈ।

ਮੇਰੀ ਦੁਆ ਹੈ ਕਿ ਇਹ ਅਧਿਐਨ ਕਰਨ ਵਾਲਾ ਹਰ ਆਦਮੀ ਖੁੱਲ੍ਹੇ ਮਨ ਅਤੇ ਖੁੱਲ੍ਹੀ ਕਿਤਾਬ, ਬਾਈਬਲ ਦੇ ਨਾਲ ਹਿੱਸਾ ਲਵੇ। ਤਾਂ ਹੀ ਬਪਤਿਸਮੇ ਨਾਲ ਜੁੜੀ ਬਾਈਬਲ ਦੀ ਸਿੱਖਿਆ ਦਾ ਡੂੰਘਾ ਅਧਿਐਨ ਅਤੇ ਉਸ ਉੱਤੇ ਵਿਚਾਰ ਕੀਤਾ ਜਾ ਸਕੇਗਾ।

---

ਟਿੱਪਣੀਆਂ

[1]ਹੈਨਰੀ ਵਾਰਨਸਬ੍ਰੋ, ਸਧਾ. ਅੰਕ, *ਦਿ ਨਿਊ ਜਰੂਸ਼ਲਮ ਬਾਈਬਲ* (ਨਿਊ ਯਾਰਕ: ਡਬਲ ਡੇ, 1985), 1875, n6a.